January 12, 2021
Level 3

1. Read the following story (on next page).

ANNOUNCEMENTS

1. Important Class Schedule Change:

- Classes regularly held on Wednesdays will now be held on both Tuesday and Wednesday from 5:00 - 7:00 PM.
- The schedule changes will be implemented to ensure that students have the opportunity to complete the curriculum throughout the remainder of the school year

GURMAT CENTER SINCE 1993

ਮਿਸਿਜ਼ ਜੋਨਜ਼ ਬਜ਼ਾਰ ਵਿੱਚ

ਮਿਸਿਜ਼ ਜੋਨਜ਼ ਬਜ਼ਾਰ ਵਿੱਚ ਪਹੁੰਚ ਗਈ ਹੈ। ਉਸ ਦਾ ਕੁੱਤਾ ਜੈਕ ਵੀ ਉਸ ਦੇ ਨਾਲ ਹੈ। ਬਜ਼ਾਰ ਵਿੱਚ ਹਰ ਤਰ੍ਹਾਂ ਦੀਆਂ ਦੁਕਾਨਾਂ ਹਨ। ਮਿਸਿਜ਼ ਜੋਨਜ਼ ਨੇ ਮੀਟ ਅਤੇ ਕੁਝ ਫਲ ਖ਼ਰੀਦਣੇ ਹਨ। ਇਸ ਲਈ ਉਹ ਮੀਟ ਅਤੇ ਫਲਾਂ ਦੀ ਦੁਕਾਨ ਦੇ ਕੋਲ ਪਹੁੰਚ ਗਈ ਹੈ।

ਫਲਾਂ ਦੀ ਦੁਕਾਨ ਵਾਲੇ ਨੇ ਸਾਰੇ ਫਲ ਬੜੇ ਸਜਾ ਕੇ ਰੱਖੇ ਹੋਏ ਹਨ। ਇਸ ਦੁਕਾਨ ਤੋਂ ਤੁਸੀਂ ਕੇਲੇ, ਸੰਗਤਰੇ, ਅੰਗੂਰ, ਅੰਬ, ਖਰਬੂਜ਼ੇ, ਸੇਬ ਅਤੇ ਹੋਰ ਕਈ ਤਰ੍ਹਾਂ ਦੇ ਫਲ ਖ਼ਰੀਦ ਸਕਦੇ ਹੋ। ਮਿਸਿਜ਼ ਜੋਨਜ਼ ਨੇ ਕੇਲੇ, ਅੰਬ ਅਤੇ ਸੰਗਤਰੇ ਖ਼ਰੀਦਣੇ ਹਨ।

ਬਜ਼ਾਰ ਮਿਸਿਜ਼ ਜੋਨਜ਼ ਦੇ ਘਰ ਤੋਂ ਕੋਈ ਬਹੁਤ ਦੂਰ ਨਹੀਂ ਹੈ। ਉਹ ਬਜ਼ਾਰ ਨੂੰ ਤੁਰ ਕੇ ਜਾਣਾ ਪਸੰਦ ਕਰਦੀ ਹੈ। ਇਸ ਨਾਲ ਉਸ ਦੀ ਅਤੇ ਉਸ ਦੇ ਕੁੱਤੇ ਜੈਕ ਦੀ ਕਸਰਤ ਹੋ ਜਾਂਦੀ ਹੈ। ਜੈਕ ਵੀ ਬਜ਼ਾਰ ਨੂੰ ਤੁਰ ਕੇ ਜਾਣ ਨਾਲ ਬਹੁਤ ਖ਼ੁਸ਼ ਹੁੰਦਾ ਹੈ।

ਜਦੋਂ ਮਿਸਿਜ਼ ਜੋਨਜ਼ ਮੀਟ ਦੀ ਦੁਕਾਨ ਕੋਲ ਪਹੁੰਚਦੀ ਹੈ

GURMAT CENTER SINCE 1993

ਤਾਂ ਉਸ ਨੂੰ ਅਚਾਨਕ ਮਿਸਟਰ ਸਮਿੱਥ ਮਿਲਦਾ ਹੈ। ਉਹ
ਮਿਸਿਜ਼ ਜੋਨਜ਼ ਨੂੰ ਮਿਸਟਰ ਜੋਨਜ਼ ਅਤੇ ਟੋਨੀ ਦਾ ਹਾਲ ਚਾਲ
ਪੁੱਛਦਾ ਹੈ। ਜੈਕ ਕੋਲ ਖੜ੍ਹਾ ਹੈ। ਮਿਸਟਰ ਸਮਿੱਥ ਵੀ ਬਜ਼ਾਰ
ਤੋਂ ਮੀਟ ਅਤੇ ਕੁਝ ਹੋਰ ਚੀਜ਼ਾਂ ਖ਼ਰੀਦਣ ਆਇਆ ਹੈ।

30640 Blueridge Drive, Abbotsford, BC ■ 604.855.0020 ■ www.gurmatcenter.com

Taking care of our children's future...today!